# ਪਹੁਤਾ ਪਾਂਧੀ

ਅੰਮ੍ਰਿਤਸਰੋਂ ਲੁਧਿਆਣੇ ਵੱਲ ਗੱਡੀ ਆ ਰਹੀ ਸੀ। ਤੀਸਰੇ ਦਰਜ਼ੇ ਖਚਾ-ਖੱਚ ਭਰੇ ਹੋਏ ਸਨ। ਸਾਰੀ ਗੱਡੀ ਭੌਂ-ਭੁਆਂ ਕੇ ਇੱਕ ਭਾਰਾ ਜਿਹਾ ਸੱਜਣ ਇਕ ਡੱਬੇ ਅੱਗੇ ਆ ਖਲੋਤਾ ਤੇ ਮਿੰਨਤਾਂ ਕੀਤੀਆਂ, ਪਰ ਅੰਦਰਲਿਆਂ ਨੇ ਝਾੜ ਛੱਡਿਆ, " ਕੋਈ ਥਾਂ ਨਹੀਂ।" ਉਹ ਨਿਮੋਝੂਣਾ ਹੋਇਆ ਹਿੱਲਣ ਹੀ ਲੱਗਾ ਸੀ ਕੇ ਅੰਦਰੋਂ ਕਿਸੇ ਆਖਿਆ, "ਥਾਂ ਕਿਉਂ ਨਹੀਂ, ਤੁਸੀਂ ਆਓ ਜੀ।"

ਇਹ ਕੋਈ ਫ਼ੌਜੀ ਵਰਦੀ ਵਿੱਚ ਸਨ ਤੇ ਇਨ੍ਹਾਂ ਨਾਲ ਦੋ ਸਿਪਾਹੀ ਇਹਨਾਂ ਨੂੰ ਮੇਜਰ ਸਾਹਿਬ ਆਖਦੇ ਸਨ। ਬਾਹਰਲਾ ਸੱਜਣ ਅੰਦਰ ਧੁੱਸ ਕੇ ਇਹਨਾਂ ਦੇ ਕੋਲ ਜਾ ਖਲੋਤਾ।

ਇੱਕ ਦੋ ਮਿੰਟਾਂ ਬਾਅਦ ਉਨ੍ਹਾਂ ਆਖਿਆ;

"ਓਸ ਅਖੀਰਲੀ ਸੀਟ ਤੇ ਬੈਠੇ ਆਦਮੀ ਨੇ ਅਗਲੇ ਸਟੇਸ਼ਨ ਤੇ ਉੱਤਰ ਜਾਣਾ ਏ- ਤੁਸੀਂ ਕਿਸੇ ਤਰਾਂ ਉੱਥੇ ਪਹੁੰਚ ਜਾਓ।"

"ਪਹੁੰਚਣਾ ਹੀ ਮੁਸ਼ਕਲ ਹੈ", ਉਸ ਆਖਿਆ।

"ਵੇਖੋ, ਮੈਂ ਤੁਹਾਨੂੰ ਕਿਸ ਤਰ੍ਹਾਂ ਪੁਚਾਂਦਾ ਹਾਂ" ਤੇ ਉਨ੍ਹਾਂ ਆਪਣਾ ਪਾਸਾ ਜ਼ਰਾ ਕੁ ਚੁੱਕ ਕੇ ਉਸ ਨੂੰ ਬੰਚਾਂ ਦੀ ਵਿਚਕਾਰਲੀ ਢੋ ਉੱਤੇ ਖੜਾ ਕਰ ਦਿੱਤਾ।

"ਉੱਤੋਂ ਛੱਤ ਨੂੰ ਹੱਥ ਪਾ ਲਓ," ਤੇ ਦੂਜੀਆਂ ਸਵਾਰੀਆਂ ਨੂੰ ਹਾਸੇ ਵਿੱਚ ਪਾਣ ਲਈ ਉਨ੍ਹਾਂ ਆਖਿਆ:

"ਇਹ ਸਰਦਾਰ ਜੀ ਕੋਈ ਤਮਾਸ਼ਾ ਵਿਖਾਣ ਲੱਗੇ ਹਨ- ਜ਼ਰਾ ਜ਼ਰਾ ਸੰਭਲ ਜਾਓ-ਮਤੇ ਇੰਨ੍ਹਾਂ ਦੇ ਹੇਠਾਂ ਕੋਈ ਬੰਦਾ ਪੀਸਿਆ ਜਾਏ।"

ਭਾਰੇ ਸਰੀਰ ਵੱਲ ਵੇਖ ਕੇ ਸਵਾਰੀਆਂ ਹੱਸੀਆਂ ਤੇ ਸਭ ਨੇ ਢੋ ਨਾਲੋਂ ਪਿੱਠਾਂ ਪਰ੍ਹਾਂ ਕਰ ਲਈਆਂ। ਉਹ ਦੂਜੇ ਸਿਰੇ ਪਹੁੰਚ ਗਿਆ ਤੇ ਸਟੇਸ਼ਨ ਆਉਂਦਿਆ ਹੀ ਸੀਟ ਖਾਲੀ ਹੋਈ-ਉਹ ਅਰਾਮ ਨਾਲ ਬਹਿ ਗਿਆ ਤੇ ਸ਼ੁਕਰੀਏ ਵਿੱਚ ਦੂਰੋਂ ਮੇਜਰ ਸਾਹਬ ਨੂੰ ਹੱਥ ਜੋੜੇ।

ਉਸ ਸਟੇਸ਼ਨ 'ਤੇ ਉੱਤਰਿਆ ਤਾਂ ਇੱਕ ਸੀ, ਪਰ ਚੜ੍ਹਨ ਵਾਲੇ ਦੋ ਆ ਗਏ। ਬੂਹੇ ਅੱਗੇ ਖਲੋਤੇ ਸਿਪਾਹੀਆਂ ਨੇ ਝਿੜਕ ਛੱਡਿਆ। ਉਹਨਾਂ ਦੋਹਾਂ ਨੇ ਬੜੇ ਹੀ ਤਰਲੇ ਕੀਤੇ। ਮੇਜਰ ਸਾਹਿਬ ਨੇ ਫੇਰ ਆਖਿਆ:" ਆ ਜਾਣ ਦਿਓ।"

"ਪਰ ਕੋਠਾ ਇਹਨਾਂ ਨੂੰ ਸਬਾਬ ਲਈ ਚਾਹੀਦਾ ਹੈ, ਉਹ ਕਿੱਥੇ ਧਰਾਂਗੇ ?" ਸਿਪਾਹੀਆਂ ਆਖਿਆ। ਮੇਜਰ ਸਾਹਿਬ ਪਖਾਨੇ ਦੇ ਨੇੜੇ ਬੈਠੈ ਸਨ, ਉਹਨਾਂ ਪਖਾਨੇ ਦਾ ਬੂਹਾ ਖੋਲਿਆ। ਬੜੀ ਮਹਿਕ ਆਈ। ਸੁਆਰੀਆਂ ਨੱਕ ਕੱਜ ਲਏ, ਪਰ ਮੇਜਰ ਸਾਹਿਬ ਉੱਠੇ:" ਮੈਂ ਇੱਕ ਮਿੰਟ ਵਿੱਚ ਸਾਫ਼ ਕਰ ਦਿੰਦਾ ਹਾਂ-ਤੁਸੀਂ ਸਾਮਾਨ ਅੰਦਰ ਧਰਨ ਦੀ ਕਰੋ।"

ਸਿਪਾਹੀਆਂ ਨੂੰ ਸ਼ਰਮ ਆ ਗਈ। ਇੱਕ ਸਿਪਾਹੀ ਪਖਾਨੇ ਵਿੱਚ ਗਿਆ, ਦੂਜੇ ਨੇ ਅਸਬਾਬ ਨੂੰ ਹੱਥ ਪੁਆਇਆ।

ਪਖਾਨਾ ਸਾਫ਼ ਹੁੰਦਾ ਰਿਹਾ। ਮੇਜਰ ਸਾਹਿਬ ਹੱਸਦੇ ਰਹੇ:

"ਭਾਈ, ਮੈਂ ਤੁਹਾਥੋਂ ਪਹਿਲਾਂ ਧਰਮ ਰਾਜ ਕੋਲ ਜਾਣਾ ਏਂ-ਮੈਂ ਉਹਨੂੰ ਦੱਸਾਂਗਾ-ਬੰਤਾ ਸਿੰਘ ਨੇ ਕਿਹੋ ਜਿਹੀ ਸਫ਼ਾਈ ਕੀਤੀ ਸੀ-ਖ਼ੂਬ ਪਾਣੀ ਡੋਲ੍ਹੀਂ, ਵੇਖੀਂ ਜ਼ਰਾ ਬੋ ਨਾ ਰਹੇ।"

ਪਖਾਨਾ ਚੰਗੀ ਤਰ੍ਹਾਂ ਸਾਫ਼ ਹੋ ਗਿਆ, ਅਸਬਾਬ ਉਹਦੇ ਵਿੱਚ ਚਿਣ ਦਿੱਤਾ ਗਿਆ। ਸਾਰੇ ਡੱਬੇ ਦੀ ਫਿਜ਼ਾ ਬਦਲ ਗਈ। ਉਹ ਅਫ਼ਸਰ ਡੱਬੇ ਦਾ ਕੇਂਦਰ ਬਣ ਗਿਆ-ਬੜਾ ਰੌਣਕੀ, ਬੜਾ ਹੱਸਮੁਖ-ਸਭ ਅੱਖਾਂ ਉਸੇ ਵੱਲ ਭੌਂ ਗਈਆਂ।

ਅਗਲੇ ਸਟੇਸ਼ਨ ਤੇ ਸ਼ਿਕੰਜਵੀ ਵੇਚਣ ਵਾਲਾ ਆਇਆ। ਆਂਹਦਾ ਸੀ ਠੰਡੇ ਮਿੱਠੇ ਗਲਾਸ, ਆਨੇ-ਆਨੇ ਗਲਾਸ............ ਗਰਮੀ ਨਾਲ ਕਈਆਂ ਦੇ ਮੂੰਹ ਸੁੱਕੇ ਹੋਏ ਸਨ।

"ਵੇਖ ਭਾਈ ਬੰਤਾ ਸਿਹਾਂ- ਠੰਡੇ ਮਿੱਠੇ ਹੈਣ ਭੀ ?" ਦੋਹਾਂ ਸਿਪਾਹੀਆਂ ਨੂੰ ਗਲਾਸ ਦੁਆ ਦਿੱਤੇ। ਭੀੜ ਬਹੁਤ ਸੀ। ਪੀਣਾ ਕਈ ਚਾਹੁੰਦੇ ਸਨ, ਪਰ ਬਾਰੀ ਤੱਕ ਪਹੁੰਚਣਾ ਮੁਸ਼ਕਿਲ ਸੀ।

"ਫੜਾਈ ਬੰਤਾ ਸਿਹਾਂ-ਉਹਨਾਂ ਭਾਈ ਜੀ ਨੂੰ-ਉਹ ਲਾਲਾ ਜੀ ਵੀ ਬੁੱਲ੍ਹ ਪਏ ਚੂਸਦੇ ਨੀਂ-ਔਸ ਕਾਕੇ ਨੂੰ ਭੀ ਦਈਂ।" 19 ਗਲਾਸ ਪਿਲਾਏ ਗਏ, ਗੱਡੀ ਤੁਰਨ ਵਾਲੀ ਸੀ। ਪਾਣੀ ਵਾਲਾ ਪੈਸਿਆਂ ਬਾਰੇ ਚਿੰਤਾ ਕਰ ਰਿਹਾ ਸੀ।

"ਲੈ ਭਾਈ-ਤੂੰ ਤੇ ਜਾ", ਸਵਾ ਰੁਪਈਆ ਉਹਦੇ ਹੱਥ ਫੜ੍ਹਾ ਕੇ ਮੇਜਰ ਸਾਹਿਬ ਨੇ ਆਖਿਆ," ਮੈਂ ਇਹਨਾਂ ਕੋਲੋਂ ਆਪੇ ਉਗਰਾਹ ਲਵਾਂਗਾ।"

ਸਵਾਰੀਆਂ ਦੇ ਦਿਲਾਂ ਵਿੱਚ ਉਸ ਹਸੂ-ਹਸੂ ਕਰਦੇ ਮੇਜਰ ਦੀ ਬੜੀ ਇੱਜ਼ਤ ਬਣ ਗਈ ਸੀ। ਉਹਨਾਂ ਆਪੋ ਆਪਣੇ ਪੈਸੇ ਹੱਥੋਂ-ਹੱਥੀਂ ਘੱਲ੍ਹਣੇ ਸ਼ੁਰੂ ਕਰ ਦਿੱਤੇ, ਪਰ ਮੇਜਰ ਸਾਹਬ ਨੇ ਝੋਲੀ ਅੱਡ ਕੇ ਹਾਸੇ ਵਿੱਚ ਗੱਲ ਉਡਾ ਦਿੱਤੀ:

"ਆਨਾਂ-ਆਨਾਂ ਮੈਂ ਨਹੀਂ ਲੈਣਾ, ਜੇ ਦੇਣਾ ਜੇ ਤਾਂ ਨੋਟ ਨਾਟ ਪਾਓ, ਮੇਰਾ ਕੁਝ ਬਣੇ ਭੀ - ਮੈਂ ਛੁੱਟੀ ਘਰ ਜਾ ਰਿਹਾ ਹਾਂ।"

ਸਭ ਦੇ ਆਨੇ ਮੁੜ ਗਏ ਤੇ ਲੋਕ ਉਸ ਭੱਖਦੇ ਦਿਲ ਵਾਲੇ ਅਫ਼ਸਰ ਕੋਲੋਂ ਝੜਦੇ ਚੰਗਿਆੜਿਆਂ ਵਿੱਚ ਮਸਤ ਹੋ ਗਏ।

ਏਨੇ ਨੂੰ ਕਿਸੇ ਤੰਬਾਕੂ ਪੀਣਾ ਚਾਹਿਆ। ਨਾਲ ਦੇ ਨੇ ਆਖਿਆ:

"ਨਾ-ਨਾ ਸਰਦਾਰ ਸਾਹਿਬ ਦੇ ਹੁੰਦਿਆਂ ਨਹੀਂ ਪੀਣਾ।" ਮੇਜਰ ਸਾਹਿਬ ਨੇ ਸੁਣ ਲਿਆ ਤੇ ਹੱਸ ਕੇ ਬੋਲੇ:

"ਪੀਣਾ ਕਿਉਂ ਨਹੀਂ- ਬੇਸ਼ਕ ਪੀਓ- ਪਰ ਕੋਈ ਵਧੀਆ ਜਿਹਾ ਸਿਗਰਟ ਪੀਣਾ।"

ਕਿਸੇ ਨੇ ਪੁੱਛਿਆ, "ਵਧੀਆ ਨਾਲ ਕੀ ਫ਼ਰਕ ਪੈ ਜਾਏਗਾ ?"

"ਵਧੀਆ ਸਿਗਰਟਾਂ ਦਾ ਧੂੰਆਂ ਤਾਂ ਕਈ ਵਾਰੀ ਸਾਡੇ ਅੰਗਰੇਜ਼ ਅਫ਼ਸਰਾਂ ਸਾਡੇ ਮੂੰਹਾਂ ਤੇ ਮਾਰਿਆ ਹੈ, ਉਸ ਧੂੰਏ ਦੀ ਸਾਨੂੰ ਆਦਤ ਹੈ।"

ਪੀਣ ਵਾਲੇ ਕੋਲ ਵਧੀਆ ਸਿਗਰਟ ਨਹੀਂ ਸੀ। ਉਹ ਬੀੜੀ ਪੀਣ ਵਾਲਾ ਸੀ। ਸ਼ਰਮਾ ਗਿਆ– ਕਹਿਣ ਲੱਗਾ, " ਮੈਂ ਨਹੀਂ ਪੀਂਦਾ।"

ਜਦੋਂ ਮੇਜਰ ਸਾਹਿਬ ਨੂੰ ਬੀੜੀ ਦੀ ਸਮਝ ਆਈ ਤਾਂ ਉਹਨਾਂ ਆਖਿਆ:

"ਬੀੜੀ ਦਾ ਧੂੰਆਂ ਤੂੰ ਬਾਰੀ 'ਚੋ ਬਾਹਰ ਸੁੱਟ ਛੱਡੀ, ਨਾ ਸਾਡੇ ਵੱਲ ਮਾਰੀ, ਪਰ ਭਾਈ– ਪੀ ਜਰੂਰ।"

ਤੇ ਆਖ ਵੇਖ ਕੇ ਉਹਨੂੰ ਸੂਟਾ ਉਹਨਾਂ ਲੁਆ ਹੀ ਦਿੱਤਾ।

ਅਗਲੇ ਸਟੇਸ਼ਨ ਤੇ ਇੱਕ ਹੌਲਦਾਰ ਨੇ ਪਲੇਟਫ਼ਾਰਮ ਤੋਂ ਸਲੂਟ ਖੜਕਾਈ ਤੇ ਪੁੱਛਿਆ:

"ਸਾਹਿਬ, ਆਪ ਆਪਣਾ ਡੱਬਾ ਛੱਡ ਕੇ ਇੱਥੇ ਕਿਉਂ ਆ ਗਏ ?"

"ਮੈਂ ਕੀ ਲੈਣਾ ਸੀ, ਪੇ–ਮਰਿਆਂ ਦੇ ਡੱਬੇ ਵਿੱਚ, ਕੋਈ ਅਖ਼ਬਾਰ ਪੜ੍ਹਦਾ ਸੀ,ਕੋਈ ਕਿਤਾਬ ਮੂੰਹ ਅੱਗੇ ਧਰੀ ਬੈਠਾ ਸੀ, ਕੋਈ ਸਿਗਰਟ ਦੇ ਧੂਏਂ ਵੱਲ ਹੀ ਵੇਖੀ ਜਾ ਰਿਹਾ ਸੀ, ਮੈਂ ਏਥੇ ਆ ਗਿਆ, ਏਥੇ ਸਭ ਦੇ ਪੇ ਜਿਉਂਦੇ ਜਾਪਦੇ ਨੇ।"

"ਫਿਰ ਮੈਂ ਤੁਹਾਡੀ ਸੀਟ ਤੇ ਜਾ ਬਵ੍ਹਾਂ ? "ਸਮਾਨ ਦਾ ਧਿਆਨ ਰੱਖਾਂਗਾ।"

"ਨਾ ਭਾਈ–ਨਾ, ਉੱਥੇ ਤਾਂ ਮੇਰਾ ਜਾਨਸ਼ੀਨ ਬੈਠਾ ਈ।"

"ਉਹ ਕੌਣ ਸਾਹਿਬ ?"

"ਤੁਰਦੀ ਗੱਡੀ ਦੇ ਜੰਗਲੇ ਨਾਲ ਕੋਈ ਲਟਕ ਗਿਆ। ਮੈਨੂੰ ਡਰ ਲੱਗਾ ਕਿਤੇ ਡਿੱਗ ਡਿਗਾ ਕੇ ਮਰ ਜਾਏਗਾ, ਫੇਰ ਗਵਾਹੀਆਂ ਭੁਗਤਾਣੀਆਂ ਪੈਣਗੀਆਂ– ਮੈਂ ਉਹਨੂੰ ਅੰਦਰ ਵਾੜ ਲਿਆ। ਅੱਗੇ ਸਟੇਸ਼ਨ ਤੇ ਮੈਂ ਉਹਨੂੰ ਆਖਿਆ ਕਿਸੇ ਹੋਰ ਡੱਬੇ ਵਿੱਚ ਚਲਾ ਜਾਏ, ਪਰ ਉਹ ਪੈਰੀਂ ਪਏ, 'ਜੀ ਮੈਨੂੰ ਕਿਸ ਥਾਂ ਦੇਣੀ ਏ'। ਮੈਂ ਆਪਣੀ ਟਿਕਟ ਉਹਦੇ ਨਾਲ ਵਟਾ ਕੇ ਏਥੇ ਆ ਗਿਆ। ਬੰਤਾ ਸਿੰਘ ਹੋਰੀਂ ਏਥੇ ਬੈਠੇ ਸਨ।"

ਸੁਣ ਕੇ ਸਵਾਰੀਆਂ ਦੰਗ ਰਹਿ ਗਈਆਂ, ਪਰ ਉਸ ਭਲੇ ਸਰਦਾਰ ਨੇ ਕਿਸੇ ਨੂੰ ਆਪਣੀ ਤਾਰੀਫ਼ ਨਾ ਕਰਨ ਦਿੱਤੀ। ਜਿਹੜਾ ਕੋਈ ਸ਼ੁਰੂ ਕਰੇ, ਕੋਈ ਹੋਰ ਈ ਗੱਲ ਆਪਣੇ ਕੋਲੋ ਵਾਹ ਕੇ ਉਹਨੂੰ ਉਹ ਚੁੱਪ ਕਰਾ ਦੇਵੇ ।

ਅਗਲੇ ਸਟੇਸ਼ਨ ਤੇ ਮੇਜਰ ਸਾਹਿਬ ਨੇ ਲਹਿ ਜਾਣਾ ਸੀ। ਉਹਨਾਂ ਕੋਲੋਂ ਨਾਲ ਦਿਆਂ ਨੇ ਨਾਂ – ਪਤਾ ਪੁੱਛਿਆ। ਉਹ ਸਿਪਾਹੀਆਂ ਨਾਲ ਉਹਨਾਂ ਦਾ ਅਸਬਾਬ ਕੱਠਾ ਕਰਾਣ ਲੱਗ ਪਏ।

"ਸਬਾਬ ਦਾ ਯੁੱਧ ਮੁਕਾ ਲਈਏ, ਫੇਰ ਮੈ ਤੁਹਾਨੂੰ ਆਪਣਾ ਸਾਰਾ ਪਤਾ ਲਿਖ ਦਿਆਂਗਾ।"

ਸਟੇਸ਼ਨ ਆਇਆ, ਕੁਲੀਆਂ ਤੇ ਸਵਾਰੀਆਂ ਦਾ ਰੌਲਾ ਪੈ ਗਿਆ ਤੇ ਮੇਜਰ ਸਾਹਿਬ ਸਭ ਨੂੰ ਹੱਥ ਜੋੜਦੇ ਤੇ ਇਹ ਕਹਿੰਦੇ ਕਾਹਲੀ-ਕਾਹਲੀ ਗੱਡੀਓਂ ਹੇਠਾਂ ਉੱਤਰ ਗਏ:

" ਮੈਂ ਆਪਣਾ ਨਿੱਕ-ਸੁੱਕ ਭੀ ਪੇ ਮਰਿਆਂ ਦੇ ਡੱਬੇ 'ਚੋਂ ਕੱਠਾ ਕਰਨਾ ਏ, ਐਤਕੀਂ ਮਾਫ਼ੀ ਦੇ ਦਿਓ ਜੇ ਫੇਰ ਏਹੋ ਜਿਹਾ ਮੌਕਾ ਮਿਲ ਗਿਆ ਤਾਂ ਪੂਰਾ ਪਤਾ ਨੋਟ ਕਰਾ ਦਿਆਂਗਾ।"

ਔਹ ਗਏ-ਔਹ ਗਏ- ਸਾਰੇ ਡੱਬੇ 'ਚੋਂ ਰੂਹ ਨਿਕਲ ਗਈ, ਡੱਬਾ ਭਾਂ-ਭਾਂ ਕਰਨ ਲੱਗ ਪਿਆ।

# ਅਭਿਆਸ-ਪ੍ਰਸ਼ਨ

1. ਗੱਡੀ ਵਿੱਚ ਚੜ੍ਹੇ ਭਾਰੇ ਸੱਜਣ ਨੂੰ ਬੈਠਣ ਲਈ ਸੀਟ ਕਿਵੇਂ ਮਿਲੀ ?
2. ਮੇਜਰ ਸਾਹਿਬ ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕਿਵੇਂ ਬਣੇ ?
3. ਸ਼ਿਕੰਜਵੀਂ ਵਾਲਾ ਪੈਸਿਆਂ ਦੀ ਚਿੰਤਾ ਕਿਉਂ ਕਰ ਰਿਹਾ ਸੀ ?
4. ਮੇਜਰ ਸਾਹਿਬ 'ਪੇ-ਮਰਿਆਂ ਦਾ ਡੱਬਾ' ਕਿਉਂ ਕਹਿੰਦਾ ਹੈ ?
5. ਕਹਾਣੀ 'ਪਹੁਤਾ ਪਾਂਧੀ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਖੇਤਰ ਵਿੱਚ ਬਹੁ-ਵਿਧਾਈ ਲੇਖਕ ਹੈ। ਨਾਵਲਕਾਰ, ਨਾਟਕਕਾਰ, ਕਹਾਣੀਕਾਰ, ਆਲੋਚਕ ਵਜੋਂ ਸੰਤ ਸਿੰਘ ਸੇਖੋਂ ਦਾ ਖਾਸ ਨਾਂ ਹੈ। ਸੰਤ ਸਿੰਘ ਸੇਖੋਂ ਨਾਲ ਪੰਜਾਬੀ ਕਹਾਣੀ ਦੂਜੇ ਦੌਰ ਵਿੱਚ ਪ੍ਰਵੇਸ਼ ਕਰਦੀ ਹੈ। ਉਹ ਆਪਣੀਆਂ ਰਚਨਾਵਾਂ ਰਾਹੀ ਸਮਾਜਵਾਦੀ ਵਿਚਾਰਧਾਰਾ ਨੂੰ ਵਧੇਰੇ ਤਵੱਜੋ ਦਿੰਦਾ ਹੈ। ਇਸ ਲਈ ਬੌਧਿਕਤਾ, ਵਿਅੰਗ, ਯਥਾਰਥਕਤਾ ਆਦਿ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ।

ਸੰਤ ਸਿੰਘ ਸੇਖੋਂ ਦਾ ਜਨਮ 1908 ਵਿੱਚ ਸਰਦਾਰ ਹੁਕਮ ਸਿੰਘ ਦੇ ਘਰ ਚੱਕ ਨੰ. 20, ਝੰਗ ਬਰਾਂਚ(ਪਾਕਿਸਤਾਨ) ਵਿਖੇ ਹੋਇਆ। ਮੁੱਢਲੀ ਵਿੱਦਿਆ ਸੰਤ ਸਿੰਘ ਸੇਖੋਂ ਨੇ ਆਪਣੇ ਪਿੰਡ ਤੋਂ ਹੀ ਹਾਸਿਲ ਕੀਤੀ। ਖਾਲਸਾ ਹਾਈ ਸਕੂਲ ਚੱਕ ਨੰ. 41, ਝੰਗ ਬਰਾਂਚ ਤੋਂ ਉਸ ਨੇ ਮੈਟ੍ਰਿਕ ਪਾਸ ਕੀਤੀ। ਗੌਰਮਿੰਟ ਕਾਲਜ, ਲਾਇਲਪੁਰ ਤੋਂ ਐਫ.ਐਸ. ਸੀ. ਕੀਤੀ। ਲਾਹੌਰ ਤੋਂ ਬੀ.ਏ., ਐਮ. ਏ. ਦੀ ਪੜ੍ਹਾਈ ਕੀਤੀ। ਉਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਅੰਗ੍ਰੇਜ਼ੀ ਪ੍ਰਾਧਿਆਪਕ ਵਜੋਂ ਭੂਮਿਕਾ ਨਿਭਾਈ। ਗੁਰੂਸਰ ਸੁਧਾਰ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਵੀ ਅਧਿਆਪਨ ਕਾਰਜ ਕੀਤਾ। ਖਾਲਸਾ ਕਾਲਜ ਪਟਿਆਲਾ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਵਿਖੇ ਪ੍ਰਿੰਸੀਪਲ ਦੀ ਭੂਮਿਕਾ ਨਿਭਾਈ। ਉਸ ਨੂੰ ਅਨੇਕਾਂ ਮਾਨ-ਸਨਮਾਨ ਮਿਲੇ। 'ਮਿੱਤਰ ਪਿਆਰਾ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। 1997 ਈ. ਵਿੱਚ ਇਸ ਲੇਖਕ ਦਾ ਦੇਹਾਂਤ ਹੋ ਗਿਆ।

'ਸਮਾਚਾਰ', 'ਕਾਮੇ ਤੇ ਯੋਧੇ', 'ਅੱਧੀ ਵਾਟ', 'ਤੀਜਾ ਪਹਿਰ' ਆਦਿ ਕਹਾਣੀ ਸੰਗ੍ਰਹਿ ਉਸ ਨੇ ਪੰਜਾਬੀ ਪਾਠਕਾਂ ਦੀ ਝੋਲੀ ਪਾਏ। ਉਸ ਦੀਆਂ ਕਹਾਣੀਆਂ ਦੀ ਆਮਦ ਨਾਲ ਪੰਜਾਬੀ ਕਹਾਣੀ 'ਚ ਤਕਨੀਕ ਪੱਖੋਂ ਨਵੀਂ ਤਬਦੀਲੀ ਨਜ਼ਰ ਆਉਂਦੀ ਹੈ। ਵਿਸ਼ੇ ਪੱਖ ਤੋਂ ਨਵੀਆਂ ਪਿਰਤਾਂ ਨਾਲ ਲਬਰੇਜ਼ ਉਸ ਦੀਆਂ ਕਹਾਣੀਆਂ ਨਵੇਂ ਮਿਆਰ ਸਿਰਜਦੀਆਂ ਹਨ।

'ਪੇਮੀ ਦੇ ਨਿਆਣੇ' ਇੱਕ ਮਨੋਵਿਗਿਆਨਕ ਛੂਹਾਂ ਵਾਲੀ ਕਹਾਣੀ ਹੈ। ਇਹ ਕਹਾਣੀ ਜਿੱਥੇ ਇੱਕ ਪਾਸੇ ਬਾਲ ਮਨੋਵਿਗਿਆਨ ਦੀਆਂ ਸੂਖ਼ਮ ਪਰਤਾਂ ਨੂੰ ਸਾਡੇ ਸਨਮੁਖ ਕਰਦੀ ਹੈ, ਉੱਥੇ ਦੂਜੇ ਪਾਸੇ ਬਾਰ ਦੀ ਭੂਗੋਲਿਕ ਸਥਿਤੀ ਬਾਰੇ ਵੀ ਸਾਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ। ਬੱਚਿਆਂ ਦਾ ਕਹਾਣੀ ਵਿੱਚ ਬਾਤ ਸੁਣਾਉਣਾ ਇਸ ਕਹਾਣੀ ਨੂੰ ਨਿਵੇਕਲਾ ਰੂਪ ਪ੍ਰਦਾਨ ਕਰਦਾ ਹੈ।